ਸਰਕਾਰੀ ਘੋੜਿਆ ਦੀ ਖੁਰਾਕ ਦੇ ਟੈਡਰ ਸਬੰਧੀ ਹੇਠ ਲਿਖੀਆਂ ਸ਼ਰਤਾ ਕਮੇਟੀ ਵੱਲੋ ਸਵੀਕਾਰ ਕੀਤੀਆਂ ਗਈਆਂ ਹਨ ।

**<u>ਸੁੱਕੇ ਘਾਹ ਦੀਆਂ ਸ਼ਰਤਾਂ:-</u>**

1. ਸੁੱਕਾ ਘਾਹ ਪੂਰੀ ਤਰ੍ਹਾ ਸੁੱਕਾ ਹੋਣਾ ਚਾਹੀਦਾ ਹੈ ।
2. ਸੁੱਕਾ ਘਾਹ ਦੀ ਟਰਾਲੀ ਦਾ ਵਜਨ ਫਿਲੌਰ ਦੇ ਕੰਡੇ ਤੇ ਕੀਤਾ ਜਾਵੇਗਾ ।
3. ਜੇਕਰ ਸੁੱਕਾ ਘਾਹ ਗਿੱਲਾ ਹੋਵਾਗਾ ਤਾ ਵਾਪਿਸ ਕੀਤਾ ਜਾਵੇਗਾ ।
4. ਸੁੱਕਾ ਘਾਹ ਦੀ ਪੀ.ਪੀ.ਏ ਫਿਲੌਰ ਵਿਖੇ ਪਹੁੰਚ ਹੋਣੀ ਚਾਹੀਦੀ ਹੈ ।
5. ਸੁੱਕਾ ਘਾਹ ਦੇ ਬਿੱਲ ਦਾ ਭੁਗਤਾਨ ਖਜਾਨੇ ਵਿੱਚੋ ਪਾਸੋ ਹੋਣ ਤੇ ਹੋਵੇਗਾ ।
6. ਸੁੱਕਾ ਘਾਹ ਪੀ.ਪੀ.ਏ ਫਿਲੌਰ ਦੇ ਅੰਦਰ ਰੱਖਣ ਦੀ ਜਿੰਮੇਵਾਰੀ ਹੋਵੇਗੀ ।
7. ਇੱਕ ਸਾਲ ਦਾ ਸੁੱਕਾ ਘਾਹ ਘੋੜਿਆਂ ਦੀ ਮੌਜੂਦਾ ਨਫਰੀ (ਗਿਣਤੀ) ਅਨੁਸਾਰ ਮੰਗਵਾਇਆ ਜਾਵੇਗਾ ।
8. ਟੈਡਰਕਾਰ ਸੁੱਕੇ ਘਾਹ ਦਾ (ਇੱਕ ਸੈਂਪਲ ਟੈਡਰ ਖੁਲਣ ਵਾਲੇ ਦਿਨ ਨਾਲ ਲੈਕੇ ਆਉਣਗੇ)

**<u>ਹਰੇ ਚਾਰੇ ਦੀਆਂ ਸ਼ਰਤਾਂ:-</u>**

1. ਹਰਾ ਚਾਰਾ ਪੂਰੀ ਤਰ੍ਹਾ ਸਾਫ-ਸੁਥਰਾ ਅਤੇ ਹਰ ਰੋਜ ਤਾਜਾ ਹੋਣਾ ਚਾਹੀਦਾ ਹੈ ।
2. ਹਰਾ ਚਾਰਾ ਮੌਸਮ ਅਨੁਸਾਰ ਹੋਣਾ ਚਾਹੀਦਾ ਦਾ ਹੈ ।
3. ਜੇਕਰ ਹਰਾ ਚਾਰਾ ਬਾਸਾ ਹੋਵੇਗਾ ਤਾ ਵਾਪਿਸ ਕਰ ਦਿੱਤਾ ਜਾਵੇਗਾ ।
4. ਹਰੇ ਚਾਰੇ ਦੀ ਪੀ.ਪੀ.ਏ ਫਿਲੌਰ ਵਿਖੇ ਪਹੁੰਚ ਹੋਣੀ ਚਾਹੀਦੀ ਹੈ ।
5. ਹਰੇ ਚਾਰੇ ਦੇ ਬਿੱਲ ਦਾ ਭੁਗਤਾਨ ਸਰਕਾਰੀ ਖਜਾਨੇ ਵਿੱਚੋ ਪਾਸ ਹੋਣ ਤੇ ਹੋਵੇਗਾ ।
6. ਰੋਜ਼ਾਨਾ ਹਰੇ ਚਾਰੇ ਦੀ ਸਪਲਾਈ ਘੋੜਿਆਂ ਦੀ ਮੌਜੂਦਾ ਨਫਰੀ (ਗਿਣਤੀ) ਅਨੁਸਾਰ ਮੰਗਵਾਇਆ ਜਾਵੇਗਾ ।

**<u>ਦਾਣਾ ਖੁਰਾਕ (ਕਾਲੇ ਚਨੇ, ਜੌ ਅਤੇ ਚੋਕਰ) ਦੀਆਂ ਸ਼ਰਤਾਂ:-</u>**

1. ਚਨੇ ਮੋਟੇ ਅਤੇ ਵਧੀਆ ਹੋਣੇ ਚਾਹੀਦੇ ਹਨ ।
2. ਜੌ ਦੀ ਕੁਆਲਟੀ ਵਧੀਆ ਹੋਣੀ ਚਾਹੀਦੀ ਹੈ ਅਤੇ ਗਿਲੇ ਨਹੀ ਹੋਣੇ ਚਾਹੀਦੇ ।
3. ਚੌਕਰ ਵਧੀਆ ਹੋਣਾ ਚਾਹੀਦਾ ਹੈ ।
4. ਦਾਣਾ ਵਧੀਆ ਹੋਣਾ ਚਾਹੀਦਾ ਹੈ ਜਿਸ ਵਿਚ ਪਾਣੀ ਦੀ ਸਿੱਲ ਨਹੀ ਹੋਣੀ ਚਾਹੀਦੀ ਹੈ ।
5. ਦਾਣਾ ਪੀ.ਪੀ.ਏ ਵਿੱਚ ਹੀ ਦਲਿਆ ਜਾਵੇਗਾ ।
6. ਦਾਣਾ/ਖੁਰਾਕ ਦੀ ਪਹੁੰਚ ਪੀ.ਪੀ.ਏ ਫਿਲੌਰ ਵਿੱਚ ਹੋਣੀ ਚਾਹੀਦੀ ਹੈ ।
7. ਦਾਣੇ ਦੀ ਮਹੀਨਾਵਾਰ ਸਪਲਾਈ ਘੋੜਿਆਂ ਦੀ ਮਜੂਦਾ ਨਫਰੀ (ਗਿਣਤੀ) ਅਨੁਸਾਰ ਮੰਗਵਾਇਆਂ ਜਾਵੇਗਾ ।
8. ਦਾਣੇ ਦੇ ਬਿੱਲ ਦਾ ਭੁਗਤਾਨ ਖਜਾਨੇ ਵਿੱਚ ਪਾਸ ਹੋਣ ਉਪਰੰਤ ਕੀਤਾ ਜਾਵੇਗਾ ।
9. ਘੋੜਿਆ ਦੀ ਖੁਰਾਕ ਨਫਰੀ ਮੁਤਾਬਿਕ ਘੱਟ ਜਾਂ ਵੱਧ ਸਕਦੀ ਹੈ ।ਘੋੜਿਆਂ ਦੀ ਮੌਜੂਦਾ ਸੰਖਿਆ ਅਨੁਸਾਰ ਹੀ ਦਾਣਾ/ਖੁਰਾਕ ਲਈ ਜਾਵੇਗੀ ।
10. ਟੈਡਰਾਂਕਾਰ ਖੋਲਣ ਵਾਲੇ ਦਿਨ 1 ਚਨੇ, 2 ਜੌ ਅਤੇ 3. ਚੌਕਰ ਦਾ ਇੱਕ-ਇੱਕ ਸੈਂਪਲ ਅੱਧਾ ਕਿਲੋ ਹਰੇਕ ਨਾਲ ਲੈਕੇ ਆਉਣਗੇ ।

**<u>ਸਰੋਂ ਦੇ ਤੇਲ ਦੀਆਂ ਸ਼ਰਤਾਂ:-</u>**

1. ਤੇਲ ਬਿਲਕੁਲ ਸਾਫ ਸੁਥਰਾ ਅਤੇ ਵਧੀਆ ਕੁਆਲਟੀ ਦਾ ਹੋਣਾ ਚਾਹੀਦਾ ਹੈ ।
2. ਤੇਲ ਵਿੱਚ ਕੋਈ ਵੀ ਮਿਲਾਵਟ ਨਹੀ ਹੋਣੀ ਚਾਹੀਦੀ ।

**<u>ਅਲਸੀ ਦੇ ਤੇਲ ਦੀਆਂ ਸ਼ਰਤਾਂ:-</u>**

1. ਤੇਲ ਬਿਲਕੁਲ ਸਾਫ ਸੁਥਰਾ ਅਤੇ ਵਧੀਆ ਕੁਆਲਟੀ ਦਾ ਹੋਣਾ ਚਾਹੀਦਾ ਹੈ ।
2. ਤੇਲ ਵਿੱਚ ਕੋਈ ਵੀ ਮਿਲਾਵਟ ਨਹੀ ਹੋਣੀ ਚਾਹੀਦੀ ।

ਨੋਟ:- **<u>ਮਿਤੀ 18-12-2023 ਨੂੰ ਸਮਾਂ 12:00 ਪੀ.ਐਮ. ਵਜੇ ਉਕਤ ਟੈਂਡਰ ਕਮੇਟੀ ਮੈਂਬਰਾਂ ਦੀ ਹਾਜਰੀ ਵਿੱਚ ਖੋਲਿਆ ਜਾਵੇਗਾ ।</u>**

ਡਾਇਰੈਕਟਰ ਪੀਪੀਏ ਫਿਲੌਰ ਪਾਸ ਕਿਸੇ ਵੀ ਟੈਡਰ ਨੂੰ ਜਾਂ ਸਾਰੇ ਟੈਡਰਾਂ ਨੂੰ ਬਿਨਾ ਕਿਸੇ ਕਾਰਨ ਦੱਸੇ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ ।

ਕਮਾਂਡੈਂਟ-ਕਮ-ਡਿਪਟੀ ਡਾਇਰੈਕਟਰ (ਪ੍ਰਸ਼ਾਸਨ)
ਪੀਪੀਏ, ਫਿਲੌਰ ।

ਡੀ.ਐਸ.ਪੀ. (ਟ੍ਰੇਨਿੰਗ) ਪੀਪੀਏ,
ਫਿਲੌਰ ।

ਡੀ.ਐਸ.ਪੀ. ਰਾਈਡਿੰਗ ਮਾਸਟਰ ਪੀਪੀਏ, ਫਿਲੌਰ ।

ਲੇਖਾਕਾਰ, ਪੀਪੀਏ, ਫਿਲੌਰ ।